5

# ਖ਼ੂਬਸੂਰਤੀ

ਮਨੁੱਖ ਚੰਦਰਮਾ ਦੀ ਹੋਂਦ ਅਤੇ ਚੱਕਰਾਂ ਤੋਂ ਹੀ ਨਹੀਂ, ਉਸਦੀ ਖ਼ੂਬਸੂਰਤੀ ਨਾਲ ਵੀ ਮੋਹਿਆ ਜਾਂਦਾ ਹੈ। ਚੰਦਰਮਾ ਮਹੀਨਿਆਂ ਅਤੇ ਜਵਾਰ ਭਾਟਿਆਂ ਨੂੰ ਕੰਟਰੋਲ ਕਰਨ ਦੇ ਲਾਹੇਵੰਦ ਮਕਸਦ ਨੂੰ ਪੂਰਾ ਕਰਦਾ ਹੈ ਅਤੇ ਸਾਰੀ ਧਰਤੀ ਦੇ ਵਾਸੀਆਂ ਲਈ ਦਿਲਚਸਪੀ ਦਾ ਕਾਰਣ ਵੀ ਹੈ। ਜ਼ਾਹਿਰ ਹੈ ਕਿ ਨੇੜਿਓਂ ਉਹ ਨਾ ਤਾਂ ਲਾਹੇਵੰਦ ਹੈ ਅਤੇ ਨਾ ਹੀ ਸੋਹਣਾ, ਪਰ ਢਾਈ ਲੱਖ ਮੀਲ ਦੇ ਫ਼ਾਸਲੇ ਤੋਂ ਪੀਲੇ ਰੰਗ ਦੇ ਅੱਧੇ ਚੰਦਰਮਾ ਦੀ ਹਰ ਕਿਸੇ ਲਈ, ਖਾਸ ਕਰਕੇ ਸ਼ਾਇਰਾਂ ਲਈ ਆਪਣੀ ਹੀ ਅਹਿਮੀਅਤ ਹੈ। ਭਲਾ ਚੰਦਰਮਾ ਨੂੰ ਬਣਾਉਣ ਵਾਲੇ ਦਿਮਾਗ਼ ਵਿਚ ਧਰਤੀ ਦੇ ਵਾਸੀਆਂ ਲਈ ਵਿਹਾਰਕ ਅਤੇ ਦਿਲਚਸਪੀ ਪੈਦਾ ਕਰਨ ਵਾਲੀਆਂ ਦੋਵੇਂ ਗੱਲਾਂ ਸਨ।

ਚੰਦਰਮਾ ਤੋਂ ਧਿਆਨ ਹਟਾ ਕੇ ਹੇਠਾਂ ਧਰਤੀ ਤੇ ਗੁਲਾਬ ਨੂੰ ਵੇਖਣ ਤੇ ਦਿਮਾਗ਼ ਵਿਚ ਕਈ ਸਵਾਲ ਆਉਂਦੇ ਹਨ। ਇਹ ਧਰਤੀ ਤੋਂ ਉੱਪਰ ਕਿਵੇਂ ਆਇਆ? ਇਸਦਾ ਇੰਨਾ ਸੰਤੁਲਨ, ਅਕਾਰ, ਸੋਹਣਾ ਰੰਗ ਅਤੇ ਦਿਲ ਨੂੰ ਮੋਹਣੀ ਮਹਿਕ ਕਿਉਂ ਹੈ? ਜੇ ਗੁਲਾਬ ਦਾ ਕੋਈ ਵਿਹਾਰਿਕ ਮੁੱਲ ਨਹੀਂ ਹੈ ਤਾਂ ਇਸਨੂੰ ਬਣਾਉਣ ਵਾਲੇ ਲਈ ਸੰਤੁਲਨ, ਰੰਗਾਂ ਅਤੇ ਖੁਸ਼ਬੂ ਦੇਣ ਦੀ ਉਹੀ ਸਮਝ ਇਨਸਾਨ ਵਿਚ ਕਿਸਨੇ ਪਾਈ?

ਖ਼ੂਬਸੂਰਤ ਚੀਜ਼ਾਂ ਦੀ ਸੂਚੀ ਬਣਾਉਣ ਵਾਲਾ ਹੰਭ ਜਾਂਦਾ ਹੈ। ਵਰਜੀਨੀਆਂ ਦੀ ਸ਼ਿਨਦੋਆਹ ਘਾਟੀ ਦੇ ਸੇਬਾਂ ਦੇ ਲਾਭਦਾਇਕ ਖੁਰਾਕ ਬਣਨ ਤੋਂ ਬਹੁਤ ਪਹਿਲਾਂ, ਬਹਾਰ ਦੇ ਮੌਸਮ 'ਚ ਉਹ ਘਾਟੀ ਕਿਸੇ ਕਲਾਕਾਰ ਦੀ ਕਲਪਨਾ ਨਾਲੋਂ ਵੀ ਸੋਹਣੀ ਲਗਦੀ ਹੈ। ਫਿਰ ਪਥਰੀਲੇ ਪਹਾੜਾਂ 'ਚ ਬਸੰਤ ਦਾ ਮੌਸਮ ਖਨਨ ਅਤੇ ਪਸ਼ੂ ਫਾਰਮ ਨਾਲੋਂ ਵੀ ਵੱਡਾ ਲਗਦਾ ਹੈ।[1] ਬੁਲਬੁਲ ਦੇ ਗੀਤ, ਫੁੱਲਾਂ ਦੀ ਮਹਿਕ, ਕਿਸੇ ਸੱਜਣ ਦੀ ਮੁਸਕਰਾਹਟ ਅਤੇ ਕਿਸੇ ਪ੍ਰੇਮੀ ਦੀਆਂ ਅੱਖ ਦੀਆਂ ਚਮਕ, ਸਭ ਵਿਚ ਇੱਕੋ ਜਿਹੀ ਕਸ਼ਿਸ਼ ਹੈ ਜਿਸਨੂੰ ਸ਼ਬਦਾਂ 'ਚ ਬਿਆਨ ਕਰਨਾ ਔਖਾ ਤਾਂ ਹੈ ਪਰ ਲਗਦਾ ਉਹ ਚੰਗਾ ਅਤੇ ਹਕੀਕੀ ਹੈ।

''ਮਨੁੱਖ ਵਿਚ ਅਜਿਹੀਆਂ ਦਿਲਚਸਪ ਉੱਤੇਜਨਾਵਾਂ ਹਨ ਜੋ ਸਭ ਵਿਚ ਵੱਖੋ-ਵੱਖ ਹੋਣ ਦੇ ਬਾਵਜੂਦ ਹਰ ਕਿਸੇ 'ਚ ਵੱਖੋ-ਵੱਖ ਮਿਲਦੀਆਂ ਹਨ।''[2] ਐੱਫ਼. ਆਰ. ਟੇਨੈਂਟ ਨੇ ਲਿਖਿਆ ਹੈ:

> ਦੂਰਬੀਨ ਅਤੇ ਖੁਰਦਬੀਨ ਵਿਚ ਤਾਰਿਆਂ ਨਾਲ ਭਰੇ ਅਕਾਸ਼ ਨੂੰ ਲੈ ਕੇ ਦੋ ਪ੍ਰਮਾਣੂਆਂ ਦੇ ਸਿਲਿਕਾ ਪੱਥਰ ਤਕ, ਅੰਦਰੂਨੀ ਹਿੱਸਿਆਂ ਦੇ ਨਾਲ-ਨਾਲ ਆਪਣੇ ਧਰਾਤਲ ਤੇ, ਫੁੱਲਾਂ ਵਿਚ ਜਿੰਨ੍ਹਾਂ ਦੀ, ''ਨਜ਼ਰ ਨਾ ਆਉਣ ਵਾਲੀ ਹੱਯਾ,'' ''ਸਮੁੰਦਰ ਦੀ ਤਹਿ ਦੀਆਂ ਗੁਫ਼ਾਵਾਂ'' ਵਿਚ ਪਾਏ ਜਾਣ ਵਾਲੇ ਬੇਸ਼ਕੀਮਤੀ ਪਦਾਰਥਾਂ ਵਿਚ, ਕੁਦਰਤ ਪ੍ਰਭਾਵਸ਼ਾਲੀ ਜਾਂ ਖ਼ੂਬਸੂਰਤ ਹੈ ਅਤੇ ਅਪਵਾਦਾਂ ਨਾਲ ਨਿਅਮ ਹੀ ਸਿੱਧ ਹੁੰਦੇ ਹਨ।''[3]

ਪਲੈਟੋ ਅਤੇ ਅਰਸਤੂ ਦੋਹਾਂ ਨੇ ਹੀ ਖ਼ੂਬਸੂਰਤੀ ਤੇ ਚਰਚਾ ਕੀਤੀ ਹੈ। ਇਮਾਨੁਏਲ ਕੈਂਟ ਨੇ ''*ਦਿ ਕਰਿਟਿਕ ਆਫ਼ ਦੀ ਏਸਥੇਟਿਕਲ ਜੱਜਮੈਂਟ*'' ਲਿਖੀ ਜਿਸ ਵਿਚ ਉਸ ਨੇ ਦੱਸਿਆ ਕਿ ''ਸਵਾਦ ਦੀ ਪਰਖ'' ਅਤੇ ''ਸਮਝ ਜਾਂ ਤਰਕ'' ਵਿਚ ਬਹੁਤ ਹੀ ਫ਼ਰਕ ਹੈ।[4] ਹਿਊਮ ਵਾਂਗ ਹੀ ਕੈਂਟ ਵੀ ਖਾਲਸ ਤਰਕ ਨੂੰ ਹੀ ਮੰਨਦਾ ਸੀ। ਡੇਵਿਡ ਹਿਊਮ ਤੋਂ ਵੀ ਵਧ ਕੇ ਉਹ ''ਅੰਦਰ ਪਾਏ ਜਾਣ ਵਾਲੇ ਇਖ਼ਲਾਕੀ ਨਿਅਮ'' ਨੂੰ ਮੰਨਦਾ ਸੀ। ਕੈਂਟ ਸ਼ਾਇਦ ਦੂਸਰੇ ਲੋਕਾਂ ਨਾਲੋਂ ਵਧ ਕੇ ''ਤਾਰਿਆਂ ਨਾਲ ਭਰੇ ਅਸਮਾਨ'' ਦੀ ਖ਼ੂਬਸੂਰਤੀ ਤੇ ਮੋਹਿਤ ਹੋ ਕੇ ਉਨ੍ਹਾਂ ਦਾ ਗੁੱਝਾ ਪ੍ਰੇਮੀ ਸੀ।

ਜ਼ਿੰਦਗੀ ਅਤੇ ਖ਼ੂਬਸੂਰਤੀ ਦੋਵੇਂ ਹੀ ਹਕੀਕਤ ਹਨ। ਇਸ ਕਰਕੇ ਇਹ ਵੀ ਤਰਕਸੰਗਤ ਲਗਦਾ ਹੈ ਕਿ ਦੋਹਾਂ ਨੂੰ ਬਣਾਉਣ ਵਾਲਾ ਜ਼ਿੰਦਾ ਹੈ ਅਤੇ ਇਨ੍ਹਾਂ ਨੂੰ ਪਿਆਰ ਕਰਦਾ ਹੈ। ਆਬਰਨ ਯੂਨੀਵਰਸਿਟੀ ਵਿਚ ਫ਼ਿਲਾਸਫ਼ੀ ਦੇ ਪ੍ਰੋਫ਼ੈੱਸਰ ਵਿਲੀਅਮ ਐਚ. ਡੇਵਿਡ ਨੇ ਧਿਆਨ ਦਿੱਤਾ, ''ਮਨੁੱਖ ਹੀ ਅਜਿਹੀ ਵਸਤੁ ਹੈ, ਜੋ ਸਜਾਵਟ ਕਰਦਾ ਹੈ ਅਤੇ ਸਾਰੇ ਮਨੁੱਖ ਸਜਾਵਟ ਕਰਦੇ ਹਨ।'' ਆਮ ਤੌਰ ਤੇ ਸਜਾਵਟ ਦੀ ਕਲਾ ਨੂੰ ਜਾਂ ਖ਼ੂਬਸੂਰਤ ਚੀਜ਼ਾਂ ਨੂੰ ਕੋਈ ਵਿਹਾਰਿਕ ਮਹੱਤਵ ਨਹੀਂ ਦਿੱਤਾ ਜਾ ਸਕਦਾ ਪਰ ਕੈਂਟ ਨੇ ਕਿਹਾ ਕਿ ਖ਼ੂਬਸੂਰਤੀ ਵਿਚ ''ਮਕਸਦ ਹੁੰਦਾ ਹੈ ਜਿਸ ਨੂੰ ਅਸੀਂ ਆਪਣੀ ਸਮਝ 'ਚ ਕਹਿ ਦਿੰਦੇ ਹਾਂ ਕਿ ਇਸਦਾ ਕੋਈ ਮਕਸਦ ਨਹੀਂ।''[5] ਖ਼ੁਦਾ 'ਚ ਵਿਸ਼ਵਾਸ ਰੱਖਣ ਵਾਲੇ ਲੋਕ ਖ਼ੂਬਸੂਰਤੀ ਦੀ ਹੋਂਦ ਜਾਂ ਉਸਦੀ ਤਾਰੀਫ਼ ਬਿਆਨ ਕਰਨ 'ਚ ਕੋਈ ਔਖਿਆਈ ਨਹੀਂ ਹੁੰਦੀ। ਪਰ ਵਿਕਾਸਵਾਦੀ ਲਈ ਜੋ ''ਤਗੜਾ ਹੀ ਰਹਿ ਸਕਦਾ ਹੈ'' ਦੀ ਸਿੱਖਿਆ ਦਾ ਗੁਲਾਮ ਹੈ, ਇਹ ਵਿਸ਼ਵਾਸ ਕਰਨਾ ਔਖਾ ਲਗਦਾ ਹੈ। ਵਿਕਾਸਵਾਦੀ ਥੌਮਸ ਐਚ. ਹਕਸਲੇ ਆਪਣੀ ਮੁਸ਼ਕਿਲ ਨੂੰ ਬੜੀ ਇਮਾਨਦਾਰੀ ਨਾਲ ਦੱਸਦਾ ਹੈ:

> ਸੀਨਰੀ ਅਤੇ ਸੰਗੀਤ ਤੋਂ ਮਿਲਣ ਵਾਲਾ ਅਨੰਦ ਜੋ ਨਿਰਾਸ਼ਾਵਾਦ ਦੇ ਵਿਰੁੱਧ ਮੇਰੇ ਨਾਲ ਹੈ ਅਤੇ ਦੱਸਦਾ ਹੈ ਕਿ ਸ੍ਰਿਸ਼ਟੀ ਦਾ ਬਣਾਉਣ ਵਾਲਾ ਕੋਈ ਦਿਆਲੂ ਹੈ। ਮੇਰੀ ਸਮਝ ਵਿਚ ਇਹ ਨਹੀਂ ਆਉਂਦਾ ਕਿ ਕਾਇਮ ਰਹਿਣ ਲਈ ਉਨ੍ਹਾਂ ਨੂੰ ਕੀ ਸੰਘਰਸ਼ ਕਰਨਾ ਪਿਆ। ਇਹ ਤਾਂ ਮੁਫ਼ਤ ਤੋਹਫ਼ੇ ਹਨ।[6]

ਸਮਝਦਾਰ ਅਤੇ ਵਿਦਵਾਨ ਦਾਰਸ਼ਨਿਕ, ਟੇਨੈਂਟ ਦਾ ਕਹਿਣਾ ਸੀ ਕਿ ''ਕਈ ਲੋਕ ਉਸਦੀ ਹੈਕਲ ਵਿਚ ਸੋਹਣੇ ਦਰਵਾਜ਼ੇ ਰਾਹੀਂ ਵੜਦੇ ਹਨ।'' ਉਸਨੇ ਸੁਹੱਪਣ ਨੂੰ ਖ਼ੁਦਾ ਤੇ ਵਿਸ਼ਵਾਸ ਦਾ ਮਜ਼ਬੂਤ ਥੰਮ੍ਹ ਕਹਿਣ 'ਚ ਕੋਈ ਝਿਜਕ ਨਹੀਂ ਕੀਤੀ:

> ਕੁਦਰਤ ਦੀ ਖ਼ੂਬਸੂਰਤੀ ਹਰ ਥਾਂ ਹੈ ਜਿਵੇਂ ਕਿ ਖ਼ੂਬਸੂਰਤੀ ਸਭ ਲਈ ਅਤੇ ਕੁਦਰਤੀ ਹੈ। ਇਕ ਅੰਦਾਜ਼ਾ ਹੈ ਜਿਸਦੀ ਤੁਲਨਾ ਕੁਦਰਤੀ ਨਿਅਮ ਦੀ ਇਕਰੂਪਤਾ ਨਾਲ ਕੀਤੀ ਜਾ ਸਕਦੀ ਹੈ। ਕੁਦਰਤੀ ਵਸਤੂਆਂ ਨਾਲ ਜਜ਼ਬਾਤ ਪੈਦਾ ਹੋਣ ਦੀ ਗੱਲ ਓਨੀ ਹੀ ਹਕੀਕਤ ਹੈ ਜਿੰਨੀ ਇਹ ਕਿ ਉਹ ਗਤੀ ਤੇ ਨਿਅਮ ਦੀ ਪਾਲਣਾ ਕਰਦੇ ਹਨ ਜਾਂ ਉਨ੍ਹਾਂ ਵਿਚ ਫਲਾਣਾ ਫਲਾਣਾ ਰਸਾਇਣਕ ਮਿਸ਼ਰਣ ਹੈ।

ਜੇ ''ਖ਼ੁਦਾ ਨੇ ਦੇਸ਼ ਨੂੰ ਬਣਾਇਆ'' ਅਤੇ ''ਮਨੁੱਖ ਨੇ ਸ਼ਹਿਰ ਨੂੰ ਬਣਾਇਆ ... ਤਾਂ ਸਾਨੂੰ ਇੰਨੀ ਵਿਆਖਿਆ ਮਿਲ ਜਾਂਦੀ ਹੈ; ਪਰ ਇਸ ਵਾਕ ਵਿਚ ਪਾਈ ਜਾਣ ਵਾਲੀ ਖ਼ੁਦਾ ਤੇ

ਵਿਸ਼ਵਾਸ ਕਰਨ ਦੀ ਗੱਲ ਨੂੰ ਨਕਾਰੇ ਜਾਣ ਤੋਂ ਲਗਦਾ ਨਹੀਂ ਕਿ ਇਸਦੀ ਵਿਆਖਿਆ ਹੋ ਸਕੇਗੀ।''[7]

ਟਿੱਪਣੀਆਂ

[1]ਸਮੁੰਦਰ 'ਤੇ ਸੂਰਜ ਚੜ੍ਹਨ ਦੀ ਵਿਗਿਆਨਕ ਵਿਆਖਿਆ ਨਾਲ ਇਹ ਤਾਂਘ ਵਧਦੀ ਹੈ ਕਿ ''ਧਰਤੀ ਤਦ ਤਕ ਚੱਕਰ ਕੱਟਦੀ ਹੈ ਜਦ ਤਕ ਉਸਦੀ ਸਪਰਸ਼ ਰੇਖਾ ਦਾ ਪੱਧਰ ਫੇਰ ਸੋਲਰ ਅਜਿਮਥ ਨਾਲ ਮਿਲ ਨਹੀਂ ਜਾਂਦਾ।'' [2]ਲੋਰੇਨ ਆਈਸਲੇ, *ਦ ਇਮੈਂਸ ਜਰਨੀ* (ਨਿਊ ਯਾਰਕ: ਰੈਂਡਮ ਹਾਊਸ, 1962), 65. [3]ਐਫ਼. ਆਰ. ਟੇਨੈਂਟ, *ਫ਼ਿਲਾਸਫ਼ੀਕਲ ਥਿਓਲੋਜੀ* (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈਸ, 1930; ਰੀਪ੍ਰਿੰਟ, 1956), 2:91-92. [4]*ਕੈਂਟ ਸਿਲੈਸਕਸ਼ੰਜ਼,* ਸੰਪਾ. ਥਿਓਡੋਰ ਮੇਅਰ ਗ੍ਰੀਨ, (ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1957), 387 ਵਿਚ ਇਮਾਨੁਏਲ ਕੈਂਟ, ''ਕ੍ਰਿਟੀਕ ਆਫ਼ ਜੱਜਮੈਂਟ।'' [5]ਉਹੀ, 408. [6]ਥੌਮਸ ਐਚ. ਹਕਸਲੇ, *ਕਲੈਕਟਡ ਐਸੇਜ਼,* ਜਿਲਦ 2, *ਡਾਰਵਿਆਨਾ* (ਵੈਸਟਪੋਰਟ, ਕਨੈਕਟਿਕਟ: ਗ੍ਰੀਨਵੁਡ ਪਬਲਿਸ਼ਿੰਗ ਗਰੁੱਪ, 1970), 478. [7]ਟੇਨੈਂਟ, 2:91-92.